# ਕੰਪਣੀਆਂ ਨੂੰ ਨਕਲੀ 'ਹੈਲਥ ਐਂਡ ਸੇਫਟੀ' ਏਜੰਸੀਆਂ ਵਲੋਂ ਭੇਜੀ ਡਾਕ ਨੂੰ ਕੂੜੇਦਾਨ ਵਿਚ ਸੁੱਟਣ ਲਈ ਸੁਚੇਤ ਕੀਤਾ ਜਾਂਦਾ ਹੈ – ਜਨਵਰੀ 2005 (Companies warned to bin mailshot from fake 'Health and Safety' agencies - January 2005)

ਕੰਪਣੀਆਂ ਅਤੇ ਦੂਸਰੀਆਂ ਏਜੰਸੀਆਂ ਨੂੰ ਦੋ ਕੰਪਣੀਆਂ, ਜੋ ਹੈਲਥ ਐਂਡ ਸੇਫਟੀ ਲੈਜੀਸਲੇਸ਼ਨ ਨੂੰ ਰੈਗੂਲੇਟ ਕਰਨ ਦਾ ਦਾਅਵਾ ਕਰਦੀਆਂ ਹਨ, ਵਲੋਂ ਭੇਜੀ ਗਈ ਜਾਣਕਾਰੀ ਨੂੰ ਨਜ਼ਰਅੰਦਾਜ਼ ਕਰਨ ਦੀ ਤਗੀਦ ਕੀਤੀ ਜਾਂਦੀ ਹੈ।

ਐਚਐਸਈ ਨੂੰ ਪੂਰੇ ਮੁਲਕ ਵਿਚੋਂ ਕੰਪਣੀਆਂ ਤੋਂ ਸ਼ਿਕਾਇਤਾਂ ਮਿਲੀਆਂ ਹਨ ਕਿ ਉਨ੍ਹਾਂ ਕੋਲੋਂ ਹੈਲਥ ਐਂਡ ਸੇਫਟੀ ਕਨੂੰਨ ਦੀ ਪਾਲਣ ਕਰਨ ਬਦਲੇ ਪੈਸਿਆਂ ਦੀ ਮੰਗ ਕੀਤੀ ਗਈ ਹੈ।

ਵੈੱਸਟ ਯੋਰਕਸ਼ਾਇਰ ਵਿਚ ਸਥਾਪਤ ਇਕ ਕੰਪਣੀ ਜੋ ਆਪਣੇ ਆਪ ਨੂੰ ਹੈਲਥ ਐਂਡ ਸੇਫਟੀ ਰਜਿਸਟ੍ਰੇਸ਼ਨ ਇਨਫੋਰਸਮੈਂਟ ਡਵੀਜ਼ਨ (ਐਚਐਸਆਰਈਡੀ) ਸਦਵਾਉਂਦੀ ਹੈ ਪੂਰੇ ਬ੍ਰਿਟੇਨ ਵਿਚ ਕੰਪਣੀਆਂ ਨੂੰ ਚਿੱਠੀਆਂ ਲਿਖਕੇ ਉਨ੍ਹਾਂ ਨੂੰ ਹੈਲਥ ਐਂਡ ਸੇਫਟੀ ਕਨੂੰਨ ਦੀ ਪਾਲਣਾ ਨੂੰ ਯਕੀਨੀ ਬਨਾਉਣ ਵਾਸਤੇ 199 ਅਤੇ 249 ਪੌਂਡ ਵਿਚਕਾਰ ਰਕਮ ਦਾ ਭੁਗਾਤਨ ਕਰਨ ਲਈ ਕਹਿ ਚੁੱਕੀ ਹੈ, ਇਸਤੋਂ ਪਹਿਲਾਂ ਇਸ ਤਰਾਂ ਦੀਆਂ ਹੀ ਚਿੱਠੀਆਂ 2004 ਦੀ ਬਸੰਤ ਰੁੱਤ ਦੌਰਾਨ ਭੇਜੀਆਂ ਗਈਆਂ ਸਨ ਜਿਨ੍ਹਾਂ ਵਿਚ ਰੌਚਡੇਅਲ ਦਾ ਸਰਨਾਵਾਂ ਦਿੱਤਾ ਗਿਆ ਸੀ ਪਰ ਹੁਣ ਬ੍ਰੈਡਫੋਰਡ ਦਾ ਸਰਨਾਵਾਂ ਦੇ ਕੇ ਚਿੱਠੀਆਂ ਭੇਜੀਆਂ ਜਾ ਰਹੀਆਂ ਹਨ। ਇਕ ਹੋਰ ਕੰਪਣੀ ਜੋ ਆਪਣੇ ਆਪ ਨੂੰ ਹੈਲਥ ਐਂਡ ਸੇਫਟੀ ਇਨਫੋਰਸਮੈਂਟ ਏਜੰਸੀ (ਐਚਐਸਈਏ) ਸਦਵਾਉਂਦੀ ਹੈ ਉਹ ਵੀ 2004 ਦੀ ਬਸੰਤ ਰੁੱਤ ਦੌਰਾਨ ਹੈਲਥ ਐਂਡ ਸੇਫਟੀ ਪਾਲਣਾ ਪੈੱਕ ਵਾਸਤੇ 125 ਪੌਂਡ ਦੀ ਮੰਗ ਕਰ ਚੁੱਕੀ ਹੈ ਅਤੇ ਹਾਲ ਹੀ ਵਿਚ ਫਿਰ ਚਿੱਠੀਆਂ ਪਾ ਰਹੀ ਹੈ।

ਇਨ੍ਹਾਂ ਕੰਪਣੀਆਂ ਵਲੋਂ ਕਿਸੇ ਨੂੰ ਵੀ ਜੇ ਕੋਈ ਲਿਖਤੀ ਸਮੱਗ੍ਰੀ ਮਿਲਦੀ ਹੈ ਤਾਂ ਉਹ ਉਸਨੂੰ ਨਜ਼ਰਅੰਦਾਜ਼ ਕਰ ਸਕਦੇ ਹਨ; ਕਿਸੇ ਨੂੰ ਵੀ ਇਨ੍ਹਾਂ ਕੰਪਣੀਆਂ ਕੋਲੋਂ ਲਿਖਤੀ ਸਮੱਗ੍ਰੀ ਜਾਂ ਸੇਵਾਵਾਂ ਖ੍ਰੀਦਣ ਦੀ ਕੋਈ ਕਨੂੰਨੀ ਮਜ਼ਬੂਰੀ ਨਹੀਂ ਹੈ।

ਇਨ੍ਹਾਂ ਕੰਪਣੀਆਂ ਵਿਚੋਂ ਕਿਸੇ ਦਾ ਵੀ ਐਚਐਸਈ ਨਾਲ ਕੋਈ ਸਬੰਧ ਨਹੀਂ ਹੈ। ਇਨ੍ਹਾਂ ਕੰਪਣੀਆਂ ਜਾਂ ਇਨ੍ਹਾਂ ਵਰਗੀਆਂ ਸੇਵਾਵਾਂ ਪੇਸ਼ ਕਰਨ ਵਾਲੀਆਂ ਦੂਸਰੀਆਂ ਕੰਪਣੀਆਂ ਵਲੋਂ ਕਿਸੇ ਵੀ ਤਰਾਂ ਦੀ ਪਹੁੰਚ ਬਾਰੇ ਸੰਸਥਾਵਾਂ ਨੂੰ ਬਹੁਤ ਸਾਵਧਾਨ ਰਹਿਣਾ ਚਾਹੀਦਾ ਹੈ। ਦੋਨੋਂ ਕੰਪਣੀਆਂ ਹੀ ਐਸੇ ਸ਼ਬਦਾਂ ਦੀ ਵਰਤੋਂ ਕਰਦੀਆਂ ਹਨ ਜਿਨ੍ਹਾਂ ਤੋਂ ਲੱਗੇ ਕਿ ਉਹ ਅਸਲੀ ਇਨਫੋਰਸਿੰਗ ਸੰਸਥਾਵਾਂ ਹਨ ਪਰ ਅਸਲ ਵਿਚ ਉਹ ਨਹੀਂ ਹਨ। ਐਚਐਸਈ ਕਦੇ ਵੀ ਕਿਸੇ ਕੰਪਣੀ ਨੂੰ ਉਨ੍ਹਾਂ ਸੇਵਾਵਾਂ, ਜੋ ਹਾਲੇ ਉਨ੍ਹਾਂ ਨੂੰ ਪ੍ਰਦਾਨ ਨਹੀਂ ਕੀਤੀਆਂ ਗਈਆਂ, ਦਾ ਪੇਸ਼ਗੀ ਭੁਗਤਾਨ ਕਰਨ ਵਾਸਤੇ ਐਵੇਂ ਹੀ ਚਿੱਠੀਆਂ ਨਹੀਂ ਲਿਖਦੇ। ਇਹ ਕੰਪਣੀਆਂ ਉਹ ਜਾਣਕਾਰੀ ਭੇਜਣ ਵਾਸਤੇ ਭਾਰੀ ਰਕਮ ਦੀ ਮੰਗ ਕਰਦੀਆਂ ਹਨ ਜਿਸ ਵਿਚੋਂ ਬਹੁਤੀ ਜਾਣਕਾਰੀ ਐਚਐਸਈ ਵਲੋਂ ਮੁਫ਼ਤ ਦਿੱਤੀ ਜਾਂਦੀ ਹੈ। ਐਚਐਸਈ ਦਾ ਅਸਲੀ ਹੈਲਥ ਐਂਡ ਸੇਫਟੀ ਸਟਾਰਟਰ ਪੈੱਕ ਜਿਸਦਾ ਸਿਰਲੇਖ ਹੈ: ਹੈਲਥ ਐਂਡ ਸੇਫਟੀ ਅਡਵਾਈਸ ਐਂਡ ਗਾਈਡੈਂਸ ਫਾਰ ਨਿਊ ਐਂਡ ਸਮਾਲ ਬਿਜਨੈਸਿਜ, ISBN 0 7176 2738, ਕਿਸੇ ਵੀ ਕਾਰੋਬਾਰ ਵਾਸਤੇ 30 ਪੌਂਡ ਦੀ ਕੀਮਤ ਨਾਲ ਐਚਐਸਈ ਬੁਕਸ (www.hsebooks.com) ਤੋਂ ਉਪਲੱਬਧ ਹੈ। ਇਸ ਪੈੱਕ ਵਿਚ ਕਾਰੋਬਾਰਾਂ ਲਈ ਕਨੂੰਨ ਦੀ ਪਾਲਣਾ ਅਤੇ ਆਪਣੇ ਕਰਮਚਾਰੀਆਂ ਦੀ ਰੱਖਿਆ ਕਰਨ ਵਾਸਤੇ ਲੋੜੀਂਦੀ ਹੈਲਥ ਐਂਡ ਸੇਫਟੀ ਬਾਰੇ ਸਲਾਹ ਮਸ਼ਵਰਾ ਦਰਜ਼ ਹੈ। ਇਸ ਵਿਚ ਐਚਐਸਈ ਐਕਸੀਡੈਂਟ ਬੁਕ ਅਤੇ ਸੇਫਟੀ ਲਾਅ ਪੋਸਟਰ ਜੋ ਕਨੂੰਨ ਅਨੁਸਾਰ ਕਾਰੋਬਾਰ ਦੀ ਜਗ੍ਹਾ ਵਿਚ ਲਗਾਇਆ ਜਾਣਾ ਚਾਹੀਦਾ ਹੈ ਦੀਆਂ ਨਕਲਾਂ ਵੀ ਸ਼ਾਮਲ ਹਨ। ਵਧੇਰੇ ਜਾਣਕਾਰੀ ਐਚਐਸਈ ਦੀ ਵੈਬਸਾਈਟ ਉਤੇ ਦੇਖੀ ਜਾ ਸਕਦੀ ਹੈ:

- **Starterpack** (ਸਟਾਰਟਰ ਪੈੱਕ)

ਇਨ੍ਹਾਂ ਕੰਪਣੀਆਂ ਦੀ ਜਾਂਚ ਪੜਤਾਲ ਕਰਨ ਲਈ ਐਚਐਸਈ ਟ੍ਰੇਡਿੰਗ ਸਟੈਂਡ੍ਰਡਜ ਅਤੇ ਪੁਲੀਸ ਨਾਲ ਸਹਿਯੋਗ ਕਰ ਰਹੇ ਹਨ। ਜੇ ਕਿਸੇ ਨੂੰ ਵੀ ਇਨ੍ਹਾਂ ਕੰਪਣੀਆਂ ਵਲੋਂ ਕੋਈ ਲਿਖਤੀ ਸਮੱਗ੍ਰੀ ਮਿਲਦੀ ਹੈ ਤਾਂ ਉਸਨੂੰ 0945 345 0055 **ਉਤੇ ਐਚਐਸਈ ਇੰਫੋਲਾਈਨ**, ਜਾਂ ਆਪਣੇ ਸਥਾਨਕ ਐਚਐਸਈ ਦਫਤਰ local HSE office ਕੋਲ ਰਿਪੋਰਟ ਕਰਨੀ ਚਾਹੀਦੀ ਹੈ।